61

# ਪਰਿਵਾਰ ਦੀ ਇਕ ਤਸਵੀਰ

## (20:6-12)

ਤੀਜੀ ਮਿਸ਼ਨਰੀ ਯਾਤਰਾ ਦੇ ਅਖ਼ੀਰ ਵਿਚ ਪੌਲੁਸ ਅਤੇ ਉਹਦੇ ਸਾਥੀ ਯਰੂਸ਼ਲਮ ਨੂੰ ਜਾਣ ਸਮੇਂ ਤ੍ਰੋਆਸ ਵਿਚ ਰੁਕ ਗਏ। ਲੂਕਾ ਨੇ ਉਨ੍ਹਾਂ ਦੀ ਮੁਲਾਕਾਤ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ:

> ਅਤੇ ਪਤੀਰੀ ਰੋਟੀ ਦੇ ਦਿਨਾਂ ਦੇ ਪਿੱਛੋਂ ਅਸੀਂ ਫ਼ਿਲਿੱਪੈ ਤੋਂ ਜਹਾਜ਼ ਉੱਤੇ ਚੜ੍ਹੇ ਅਤੇ ਪੰਜਵੇਂ ਦਿਨ ਤ੍ਰੋਆਸ ਵਿਚ ਉਨ੍ਹਾਂ ਦੇ ਕੋਲ ਪਹੁੰਚੇ ਅਰ ਸੱਤ ਦਿਨ ਉੱਥੇ ਟਿਕੇ।
>
> ਹਫ਼ਤੇ ਦੇ ਪਹਿਲੇ ਦਿਨ ਜਾਂ ਅਸੀਂ ਰੋਟੀ ਤੋੜਨ ਲਈ ਇਕੱਠੇ ਹੋਏ ਤਾਂ ਪੌਲੁਸ ਨੇ ਜੋ ਅਗਲੇ ਭਲਕ ਤੁਰ ਜਾਣ ਨੂੰ ਤਿਆਰ ਸੀ ਉਨ੍ਹਾਂ ਨੂੰ ਵਚਨ ਸੁਣਾਇਆ ਅਤੇ ਉਹ ਅੱਧੀ ਰਾਤ ਤਾਈਂ ਉਪਦੇਸ਼ ਕਰਦਾ ਰਿਹਾ। ਚੁਬਾਰੇ ਵਿਚ ਜਿੱਥੇ ਅਸੀਂ ਇਕੱਠੇ ਹੋਏ ਸਾਂ ਬਹੁਤ ਸਾਰੇ ਦੀਵੇ ਬਲਦੇ ਸਨ। ਅਤੇ ਯੂਤਖੁਸ ਨਾਮੇ ਇਕ ਜੁਆਨ ਤਾਕੀ ਵਿਚ ਬੈਠਾ ਗਾੜ੍ਹੀ ਨੀਂਦ ਨਾਲ ਉਂਘਲਾਇਆ ਹੋਇਆ ਸੀ ਅਰ ਜਦੋਂ ਪੌਲੁਸ ਬਹੁਤ ਚਿਰ ਤੀਕਰ ਵਚਨ ਕਰਦਾ ਰਿਹਾ ਤਾਂ ਉਹ ਨੀਂਦਰ ਦੇ ਮਾਰੇ ਉਂਘਲਾਇਆ ਹੋਇਆ ਤਿਮੰਜ਼ਿਲੇ ਤੋਂ ਹੇਠਾਂ ਡਿੱਗ ਪਿਆ ਅਤੇ ਮੁਰਦੇ ਨੂੰ ਚੁੱਕਿਆ ਗਿਆ। ਪਰ ਪੌਲੁਸ ਨੇ ਉਤਰ ਕੇ ਉਹ ਨੂੰ ਜੱਫੇ ਵਿਚ ਲਿਆ ਅਤੇ ਗਲ ਨਾਲ ਲਾ ਕੇ ਆਖਣ ਲੱਗਾ ਭਈ ਤੁਸੀਂ ਰੌਲਾ ਨਾ ਪਾਓ ਕਿਉਂ ਜੋ ਉਹ ਦੀ ਜਾਨ ਉਸ ਵਿਚ ਹੈ। ਫਿਰ ਉਹ ਉੱਪਰ ਆਇਆ ਅਤੇ ਰੋਟੀ ਤੋੜ ਕੇ ਖਾਧੀ ਅਰ ਐਨਾ ਚਿਰ ਗੱਲਾਂ ਕਰਦਾ ਰਿਹਾ ਜੋ ਦਿਨ ਚੜ੍ਹ ਗਿਆ। ਤਦ ਉਹ ਤੁਰ ਪਿਆ। ਅਤੇ ਉਹ ਉਸ ਮੁੰਡੇ ਨੂੰ ਜੀਉਂਦਾ ਲਿਆਏ ਅਰ ਬਹੁਤ ਸ਼ਾਂਤ ਹੋਏ (20:6-12)।

ਲੂਕਾ ਨੇ ਪੌਲੁਸ ਦੀ ਯਾਤਰਾ ਦੇ ਕੁਝ ਹਿੱਸਿਆਂ ਦਾ ਵੇਰਵਾ ਵਿਸਤਾਰ ਨਾਲ ਨਹੀਂ ਦਿੱਤਾ ਜਦ ਕਿ ਹੋਰ ਹਿੱਸਿਆਂ ਵਿਚ ਉਹ ਪੂਰਾ ਵੇਰਵਾ ਦੇਣ ਲਈ ਰੁਕ ਗਿਆ। ਸਾਡੇ ਪਿਛਲੇ ਪਾਠ ਵਿਚ ਲੂਕਾ ਨੇ ਕਈ ਮਹੀਨੇ ਕੰਮ ਕੀਤਾ ਅਤੇ ਜੋਖ਼ਮ ਉਠਾਏ ਸਨ। ਇਨ੍ਹਾਂ ਆਇਤਾਂ ਵਿਚ ਲੂਕਾ ਨੇ ਇਕ ਜਵਾਨ ਬਾਰੇ ਜੋ ਕਲੀਸੀਆ ਵਿਚ ਸੌਂ ਗਿਆ ਸੀ, ਬੜੇ ਵਧੀਆ ਤਰੀਕੇ ਨਾਲ ਤੱਥ ਦਿੱਤੇ![1]

ਰਸੂਲਾਂ ਦੇ ਕੰਮ ਕਿਤਾਬ ਵਿਚ ਇਹ ਕਹਾਣੀ ਕਾਹਦੇ ਵਾਸਤੇ ਹੈ?[2] ਯਕੀਨਨ ਹੀ ਇਹ ਉਸ ਜਵਾਨ ਨੂੰ ਪਰੇਸ਼ਾਨ ਕਰਨ ਲਈ ਨਹੀਂ ਹੈ ਜੋ ''ਗਾੜ੍ਹੀ ਨੀਂਦ ਨਾਲ ਉਂਘਲਾਇਆ ਹੋਇਆ ਸੀ ... ਜਦ ਪੌਲੁਸ ਬਹੁਤ ਚਿਰ ਤੀਕਰ ਵਚਨ ਕਰਦਾ ਰਿਹਾ'' ਸੀ (ਆਇਤ 9)। ਮੈਨੂੰ ਪਾਠ ਦੇ ਸਭ ਤੋਂ ਦਿਲਚਸਪ ਪਹਿਲੂਆਂ ਵਿੱਚੋਂ ਤ੍ਰੋਆਸ ਵਿਚ ਮੰਡਲੀ ਦੇ ਇਕੱਠੇ ਹੋਣ ਦੀ

ਤਸਵੀਰ ਚੰਗੀ ਲਗਦੀ ਹੈ। ਮੁੱਢਲੀ ਕਲੀਸੀਆ ਦੇ ਪਰਿਵਾਰਿਕ ਮਾਹੌਲ ਤੋਂ ਮੈਂ ਖ਼ਾਸ ਕਰਕੇ ਪ੍ਰਭਾਵਿਤ ਹਾਂ।

## ਪਰਿਵਾਰ ਇਕੱਠਾ ਹੋਇਆ (20:6, 7)

ਪੌਲੁਸ ਨੂੰ ਪੈਂਟੀਕਾਸਟ ਤਕ ਯਰੂਸ਼ਲਮ ਪਹੁੰਚਣ ਦੀ ਕਾਹਲੀ ਸੀ (ਆਇਤ 16), ਫਿਰ ਵੀ ਉਹ ਅਤੇ ਉਹਦੇ ਸਾਥੀ ''ਸੱਤ ਦਿਨ ਤਕ'' ਤ੍ਰੋਆਸ ਵਿਚ ਹੀ ਰੁਕੇ ਰਹੇ (ਆਇਤ 6)। ''ਇਹ ਜਹਾਜ਼ ਦੇ ਟਾਈਮ ਟੇਬਲ ਕਰਕੇ ਹੋ ਸਕਦਾ ਹੈ, ਪਰ ਬਹੁਤੀ ਦੇਰ ਰੁਕਣ ਦੀ ਵਧੇਰੇ ਸੰਭਾਵਨਾ ਇਹ ਹੈ ਕਿ ਉਹ ਹਫ਼ਤੇ ਦੇ ਪਹਿਲੇ ਦਿਨ ਵਿਸ਼ਵਾਸੀਆਂ ਨਾਲ ਇਕੱਠੇ ਹੋ ਕੇ ਰੋਟੀ ਤੋੜਨ ਲਈ ਰੁਕਿਆ ਸੀ।''[3] ਫ਼ਿਲਿੱਪੈ ਤੋਂ ਤ੍ਰੋਆਸ ਜਾਣ ਵਿਚ ਆਮ ਨਾਲੋਂ ਵੱਧ ਸਮਾਂ ਲੱਗ ਗਿਆ ਸੀ।[4] ਜਿਸ ਕਰਕੇ ਤ੍ਰੋਆਸ ਵਿਚ ਪ੍ਰਭੂ ਦੇ ਦਿਨ ਕਲੀਸੀਆ ਨੂੰ ਨਹੀਂ ਮਿਲ ਸਕਿਆ ਸੀ,[5] ਕਿਉਂਕਿ ਉਹ ਉੱਥੇ ਸੋਮਵਾਰ ਨੂੰ ਪਹੁੰਚਿਆ ਸੀ।[6] ਇਸ ਕਰਕੇ ਉਹਨੇ ਪੂਰਾ ਹਫ਼ਤਾ ਭਾਈਆਂ ਦੇ ਫਿਰ ਤੋਂ ਇਕੱਠਾ ਹੋਣ ਦੀ ਉਡੀਕ ਕੀਤੀ।[7]

ਧਿਆਨ ਦਿਓ ਕਿ ਪੌਲੁਸ ਨੇ ਬੰਦਗੀ ਵਿਚ ਹਿੱਸਾ ਨਾ ਲੈਣ ਦਾ ਇਹ ਬਹਾਨਾ ਨਹੀਂ ਬਣਾਇਆ ਕਿ ਉਹ ''ਸ਼ਹਿਰੋਂ ਬਾਹਰ'' ਅਤੇ ''ਆਪਣੀ ਸਰਪ੍ਰਸਤ ਮੰਡਲੀ ਤੋਂ ਦੂਰ'' ਸੀ। ਜਦ ਉਹ ਕਿਸੇ ਨਵੇਂ ਸ਼ਹਿਰ ਵਿਚ ਜਾਂਦਾ ਤਾਂ ਉੱਥੇ ਮਿਲਣ ਲਈ ਭਾਈਆਂ ਨੂੰ ਲੱਭਦਾ ਸੀ।[8] ਉਹ *ਚਾਹੁੰਦਾ ਸੀ* ਕਿ ਹਫ਼ਤੇ ਦੇ ਪਹਿਲੇ ਦਿਨ ਭਾਈਆਂ ਦੇ ਇਕੱਠੇ ਹੋਣ ਤੇ ਉਨ੍ਹਾਂ ਨਾਲ ਬੰਦਗੀ ਕਰੇ।

ਮੁੱਢਲੀ ਕਲੀਸੀਆ ਹਫ਼ਤੇ ਦੇ ਪਹਿਲੇ ਦਿਨ ਇਕੱਠੀ ਹੁੰਦੀ ਸੀ ਕਿਉਂਕਿ ਉਸ ਦਿਨ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ ਅਤੇ ਆਪਣੇ ਚੇਲਿਆਂ ਨੂੰ ਵਿਖਾਈ ਦਿੱਤਾ ਸੀ (ਲੂਕਾ 24:1, 7, 13, 21; ਯੂਹੰਨਾ 20:19, 26)।[9] ਜਸਟਿਨ ਮਾਰਟਿਨ ਨੇ ਬਾਅਦ ਵਿਚ ਲਿਖਿਆ ''ਐਤਵਾਰ ਉਹ ਦਿਨ ਹੈ ਜਦ ਅਸੀਂ ਸਭ ਇਕੱਠੇ ਹੁੰਦੇ ਹਾਂ, ... ਕਿਉਂਕਿ ਯਿਸੂ ਮਸੀਹ ਸਾਡਾ ਮੁਕਤੀ ਦਾਤਾ ਓਸੇ ਦਿਨ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ।''[10] ਯਹੂਦੀ ਲੋਕ ਭੌਤਿਕ ਸੰਸਾਰ ਦੇ ਬਣਨ ਦੀ ਯਾਦ ਵਿਚ ਸਤਵਾਂ ਦਿਨ[11] ਮਨਾਉਂਦੇ ਸਨ (ਕੂਚ 20:8-11); ਮਸੀਹੀ ਲੋਕ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੀ ਯਾਦ ਵਿਚ ਹਫ਼ਤੇ ਦੇ ਪਹਿਲੇ ਦਿਨ ਨੂੰ ਮਨਾਉਂਦੇ ਹਨ (1 ਕੁਰਿੰਥੀਆਂ 11:23-25) ਜੋ ''ਨਵੀਂ ਸ੍ਰਿਸ਼ਟ'' (ਗਲਾਤੀਆਂ 6:15) ਨੂੰ ਸੰਭਵ ਬਣਾਉਂਦਾ ਹੈ।

ਲੂਕਾ ਨੇ ਉਨ੍ਹਾਂ ਦੇ ਇਕੱਠੇ ਹੋਣ ਵੇਲੇ ਬੱਤੀਆਂ ਜਗਣ ਦਾ ਜ਼ਿਕਰ ਕੀਤਾ ਹੈ (ਆਇਤ 8), ਜਿਸ ਤੋਂ ਸਪੱਸ਼ਟ ਹੈ ਕਿ ਤ੍ਰੋਆਸ ਦੀ ਕਲੀਸੀਆ ਰਾਤ ਵੇਲੇ ਇਕੱਠੀ ਹੋਈ ਸੀ।[12] ਉਸ ਸਮਾਜ ਵਿਚ ਹਫ਼ਤੇ ਦਾ ਪਹਿਲਾ ਦਿਨ ਕੰਮ ਦੇ ਕਿਸੇ ਦੂਜੇ ਦਿਨ ਵਾਂਗ ਹੀ ਸੀ ਅਤੇ ਬਹੁਤ ਸਾਰੇ ਮਸੀਹੀ ਲੋਕ ਦੂਜਿਆਂ ਲਈ ਕੰਮ ਕਰਦੇ ਸਨ,[13] ਜਿਸ ਕਰਕੇ ਇਕੱਠੇ ਹੋਣ ਦਾ ਸਮਾਂ ਦਿਨ ਭਰ ਦਾ ਕੰਮ-ਕਾਜ ਮੁੱਕਣ ਦੇ ਬਾਅਦ ਹੀ ਹੋ ਸਕਦਾ ਸੀ।

ਕਈਆਂ ਦਾ ਖ਼ਿਆਲ ਹੈ ਕਿ ਲੂਕਾ ਨੇ ਯਹੂਦੀ ਗਣਨਾਂ ਦੀ ਵਰਤੋਂ ਕਰਕੇ ਦੱਸਿਆ ਕਿ ਕਲੀਸੀਆ ਉਦੋਂ ਇਕੱਠੀ ਹੁੰਦੀ ਸੀ ਜਿਸ ਨੂੰ ਅਸੀਂ ਸਨਿੱਚਰਵਾਰ ਆਖਦੇ ਹਾਂ,[14] ਪਰ ''ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਲੂਕਾ ਨੇ ਯੂਨਾਨੀ ਭਾਸ਼ਾ ਬੋਲਣ ਵਾਲੇ ਇਸ ਸ਼ਹਿਰ ਵਿਚ ਵਾਪਰਨ ਵਾਲੀ ਘਟਨਾ ਦਾ ਸਮਾਂ ਦੱਸਣ ਲਈ ਯਹੂਦੀ ਢੰਗ ਦੀ ਵਰਤੋਂ ਕੀਤੀ ਹੋਵੇ।''[15] ਲੂਕਾ ਨੇ ਯਹੂਦੀ ਗਣਨਾ ਦੀ ਵਰਤੋਂ ਕੀਤੀ ਜਾਂ ਰੋਮੀ ਦੀ, ਪਰ ਹਰ ਤਰ੍ਹਾ ਨਾਲ ਤ੍ਰੋਆਸ ਦੀ

ਕਲੀਸੀਆ ਹਫ਼ਤੇ ਦੇ ਪਹਿਲੇ ਦਿਨ ਹੀ ਇਕੱਠੀ ਹੋਈ ਸੀ।[16]

ਇਨ੍ਹਾਂ ਤੱਥਾਂ ਨੂੰ ਇਕੱਠੇ ਕਰੋ: (1) ਪੌਲੁਸ ਆਪਣੇ ਭਾਈਆਂ ਨੂੰ ਮਿਲਣ ਲਈ ਬਾਹਰ ਨਿੱਕਲਿਆ; (2) ਇਹ ਭਾਈ ਅਣਸੁਖਾਵੇਂ ਸਮੇਂ ਤੇ ਇਕੱਠੇ ਹੁੰਦੇ ਸਨ; (3) ਉਹ ਦਿਨ ਭਰ ਦੇ ਔਖੇ ਕੰਮ ਦੇ ਬਾਅਦ ਇਕੱਠੇ ਹੁੰਦੇ ਸਨ। ਅਸੀਂ ਇਹ ਨਿਚੋੜ ਕੱਢਦੇ ਹਾਂ ਕਿ ਮਸੀਹੀ ਲੋਕਾਂ ਨੂੰ ਇਕ ਦੂਜੇ ਨਾਲ ਮਿਲਣਾ ਚੰਗਾ ਲਗਦਾ ਹੈ (ਰਸੂਲਾਂ ਦੇ ਕੰਮ 2:42)। ਦੁਨਿਆਵੀ ਪਰਿਵਾਰ ਆਮ ਤੌਰ ਤੇ ਇਕੱਠੇ ਹੋ ਕੇ ਖੁਸ਼ ਹੁੰਦੇ ਹਨ; ਅਸਲ 'ਚ ਜੇ ਪਰਿਵਾਰ ਦੇ ਲੋਕ ਇਕ ਦੂਜੇ ਨਾਲ ਮਿਲ ਕੇ ਖੁਸ਼ ਨਹੀਂ ਹੁੰਦੇ ਤਾਂ ਅਸੀਂ ਕਹਿੰਦੇ ਹਾਂ ਕਿ ਉਸ ਪਰਿਵਾਰ ਵਿਚ ਕੁਝ ਗੜਬੜ ਹੈ। ਇਸੇ ਤਰ੍ਹਾਂ ਖ਼ੁਦਾ ਦੇ ਪਰਿਵਾਰ ਦੇ ਲੋਕ ਇਕ ਦੂਜੇ ਨਾਲ ਮਿਲ ਕੇ ਖੁਸ਼ ਹੁੰਦੇ ਹਨ।

ਇਸ ਤਰੀਕੇ ਨਾਲ ਆਪਣੇ ਆਪ ਨੂੰ ਪਰਖਿਆ ਜਾ ਸਕਦਾ ਹੈ। ਕੀ ਤੁਸੀਂ ਮਸੀਹ ਵਿਚ ਆਪਣੇ ਭਾਈਆਂ ਅਤੇ ਭੈਣਾਂ ਨੂੰ ਮਿਲ ਕੇ ਖੁਸ਼ ਹੁੰਦੇ ਹੋ? ਜੇ ਤੁਸੀਂ ਖ਼ੁਦਾ ਦੇ ਪਰਿਵਾਰ ਨੂੰ ਮਿਲ ਕੇ ਖੁਸ਼ ਨਹੀਂ ਹੁੰਦੇ, ਤਾਂ ਤੁਹਾਨੂੰ ਆਪਣੇ ਭਾਈਆਂ, ਭੈਣਾਂ ਅਤੇ ਆਪਣੇ ਪਿਤਾ ਨਾਲ ਸਬੰਧ ਨੂੰ ਸੁਧਾਰਨ ਲਈ ਆਪਣੇ ਅੰਦਰ ਝਾਕਣ ਦੀ ਲੋੜ ਹੈ (ਇਬਰਾਨੀਆਂ 10:25)।

## ਪਰਿਵਾਰ ਨੇ ਮਿਲ ਕੇ ਪ੍ਰਭੂ ਭੋਜ ਖਾਧਾ (20:7)

''ਹਫ਼ਤੇ ਦੇ ਪਹਿਲੇ ਦਿਨ'' (1 ਕੁਰਿੰਥੀਆਂ 16:2) ਕਲੀਸੀਆ ਦੇ ਬੰਦਗੀ ਲਈ ਇਕੱਠਾ ਹੋਣ ਤੇ ਇਬਾਦਤ ਦੀ ਮੁੱਖ ਗੱਲ ਪ੍ਰਭੂ ਭੋਜ ਸੀ। ਆਇਤ 7 ਤੇ ਧਿਆਨ ਦਿਓ: ''ਹਫ਼ਤੇ ਦੇ ਪਹਿਲੇ ਦਿਨ ਜਾਂ ਅਸੀਂ ਰੋਟੀ ਤੋੜਨ ਲਈ ਇਕੱਠੇ ਹੋਏ।''[17] ''ਰੋਟੀ ਤੋੜਨ'' ਤੋਂ ਭਾਵ ਆਮ ਭੋਜਨ (ਰਸੂਲਾਂ ਦੇ ਕੰਮ 2:46) ਜਾਂ ਪ੍ਰਭੂ ਭੋਜ ਵਿਚ ਭਾਗ ਲੈਣਾ (ਮੱਤੀ 26:26; ਰਸੂਲਾਂ ਦੇ ਕੰਮ 2:42; 1 ਕੁਰਿੰਥੀਆਂ 10:16) ਹੋ ਸਕਦਾ ਹੈ। ਬਹੁਤ ਸਾਰੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ''ਪ੍ਰਭੂ ਭੋਜ ਦਾ ਹੀ ਸੰਕੇਤ ਹੈ, ਕਿਉਂਕਿ ਇਸ ਰਵਾਇਤੀ ਇਕੱਠ ਦਾ ਸਾਫ਼ ਮਕਸਦ ਰੋਟੀ ਤੋੜਨਾ ਸੀ।''[18]

ਸਾਨੂੰ ਇਹ ਜਾਣ ਕੇ ਹੈਰਾਨੀ ਨਹੀਂ ਹੁੰਦੀ ਕਿ ''ਪ੍ਰਭੂ ਭੋਜ'' (1 ਕੁਰਿੰਥੀਆਂ 11:20) ''ਪ੍ਰਭੂ ਦੇ ਦਿਨ'' (ਪ੍ਰਕਾਸ਼ ਦੀ ਪੋਥੀ 1:10) ਖਾਧਾ ਜਾਂਦਾ ਸੀ। ਬੰਦਗੀ ਦਾ ਹਰ ਇਜ਼ਹਾਰ ਜ਼ਰੂਰੀ ਹੈ, ਪਰ ਬੰਦਗੀ ਦਾ ਮਸੀਹੀ ਇਜ਼ਹਾਰ ਪ੍ਰਭੂ ਭੋਜ ਸਭ ਤੋਂ ਵੱਖਰਾ ਹੈ। ਯਹੂਦੀ ਲੋਕ ਅਧਿਐਨ ਕਰਨ, ਦੁਆ ਕਰਨ, ਭਜਨ ਗਾਉਣ ਅਤੇ ਚੰਦਾ ਦੇਣ ਲਈ ਇਕੱਠੇ ਹੁੰਦੇ ਸਨ; ਪਰ ਮਸੀਹੀ ਲੋਕ ਹਫ਼ਤੇ ਦੇ ਪਹਿਲੇ ਦਿਨ ਮਸੀਹ ਦੇ ਮਾਰੇ ਜਾਣ, ਦਫ਼ਨਾਏ ਜਾਣ ਅਤੇ ਜੀ ਉੱਠਣ ਨੂੰ ਯਾਦ ਕਰਨ ਲਈ ''ਪ੍ਰਭੂ ਦੀ ਮੇਜ਼'' (1 ਕੁਰਿੰਥੀਆਂ 10:21) ਦੇ ਨੇੜੇ ਇਕੱਠੇ ਹੁੰਦੇ ਹਨ।[19]

ਮੁਢਲੇ ਮਸੀਹੀ *ਹਰ* ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਭੋਜ ਵਿਚ ਭਾਗ ਲੈਣ ਲਈ ਇਕੱਠੇ ਹੁੰਦੇ ਸਨ। ਇਹ ਗੱਲ ਸਾਨੂੰ ਉਨ੍ਹਾਂ ਆਇਤਾਂ ਤੋਂ ਹੀ ਪਤਾ ਲਗਦੀ ਹੈ ਜੋ ਹੁਣੇ ਦੁਹਰਾਈਆਂ ਗਈਆਂ ਹਨ: ਮਸੀਹੀ ਲੋਕ ਹਫ਼ਤੇ ਦੇ ਪਹਿਲੇ ਦਿਨ ਮਿਲਦੇ ਸਨ (1 ਕੁਰਿੰਥੀਆਂ 16:1, 2) ਅਤੇ ਉਹ ਰੋਟੀ ਤੋੜਨ ਦੇ ਮਕਸਦ ਨਾਲ ਇਕੱਠੇ ਹੁੰਦੇ ਸਨ (ਰਸੂਲਾਂ ਦੇ ਕੰਮ 20:7), ਜਿਸ ਕਰਕੇ ਅਸੀਂ ਨਿਚੋੜ ਕੱਢਦੇ ਹਾਂ ਕਿ ਉਹ ਹਰ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਭੋਜ ਵਿਚ ਭਾਗ ਲੈਣ ਲਈ ਇਕੱਠੇ ਹੁੰਦੇ ਸਨ। ਇਸ ਗੱਲ ਦੀ ਤਸਦੀਕ ਮੁਢਲੇ ਮਸੀਹੀ ਲੇਖਕਾਂ ਦੀ ਗਵਾਹੀ ਤੋਂ ਹੁੰਦੀ ਹੈ। ਦੂਜੀ ਸਦੀ ਦੇ ਸ਼ੁਰੂ ਵਿਚ ਇਹ ਸ਼ਬਦ ਲਿਖੇ ਗਏ ਸਨ: ''ਪਰ ਪ੍ਰਭੂ ਦੇ ਹਰੇਕ ਦਿਨ ਤੁਸੀਂ ਇਕੱਠੇ ਹੁੰਦੇ ਹੋ ਅਤੇ ਰੋਟੀ ਤੋੜਦੇ ਅਤੇ ਸ਼ੁਕਰ ਕਰਦੇ ਹੋ।''[20] ਫਿਰ, ਸਨ 150

ਦੇ ਕਰੀਬ ਲਿਖੇ ਜਸਟਿਨ ਮਾਰਟਿਨ ਦੇ ਸ਼ਬਦ ਹਨ:

> ਸ਼ਹਿਰੀ ਹੋਣ ਜਾਂ ਪੇਂਡੂ, ਪ੍ਰਭੂ ਦੇ ਦਿਨ ਸਭ ਮਸੀਹੀ ਲੋਕ ਇਕੱਠੇ ਹੁੰਦੇ ਸਨ, ਕਿਉਂਕਿ ਇਹ ਪ੍ਰਭੂ ਦੇ ਜੀ ਉੱਠਣ ਦਾ ਦਿਨ ਹੈ ਅਤੇ ... ਬੰਦਗੀ ਦੇ ਅਖ਼ੀਰ ਵਿਚ ਰੋਟੀ ਅਤੇ ਦਾਖਰਸ ਅਤੇ ਜਲ ਲਿਆਏ ਜਾਂਦੇ ਹਨ, ਅਤੇ ਮੋਹਤਬਰ ਆਦਮੀ ਆਪਣੀ ਯੋਗਤਾ ਮੁਤਾਬਕ ਅਤੇ ਲੋਕਾਂ ਦੀ ਸਹਿਮਤੀ ਨਾਲ ਆਮੀਨ ਕਹਿ ਕੇ ਪ੍ਰਾਰਥਨਾ ਅਤੇ ਧੰਨਵਾਦ ਦੀ ਭੇਂਟ ਚੜ੍ਹਾਉਂਦਾ ਹੈ ਅਤੇ ਹਰ ਕੋਈ ਉਸ ਵਿਚ ਜਿਹਦੇ ਲਈ ਸ਼ੁਕਰ ਕੀਤਾ ਗਿਆ ਹੈ ਭਾਗ ਲੈਂਦਾ ਹੈ।[21]

ਜੇ. ਡਬਲਯੂ. ਮੈਕਗਰਵੇ ਦਾ ਕਹਿਣਾ ਹੈ ਕਿ ''ਜਿੰਨੀ ਠੋਸ ਇਹ ਗੱਲ ਹੈ ਕਿ ਚੇਲੇ ਪ੍ਰਭੂ ਦੇ ਹਰ ਦਿਨ ਇਕੱਠੇ ਹੁੰਦੇ ਸਨ, ਓਨੀ ਹੀ ਇਹ ਵੀ ਹੈ ਕਿ ਉਸ ਦਿਨ ਉਹ ਰੋਟੀ ਤੋੜਦੇ ਸਨ,'' ਫਿਰ ਉਸ ਨੇ ਜੋੜਿਆ:

> ਦੂਜੀ ਸਦੀ ਅਤੇ ਉਹਦੇ ਬਹੁਤ ਦੇਰ ਬਾਅਦ ਤਕ [ਰਸੂਲਾਂ ਦੇ ਕੰਮ 20:7 ਦੀ ਗਵਾਹੀ] ਕਲੀਸੀਆ ਦੀ ਵਿਸ਼ਵਵਿਆਪੀ ਰਵਾਇਤ ਬਾਰੇ, ... ਬਾਈਬਲ ਦੇ ਵਿਦਵਾਨਾਂ ਵਿਚ ਵਿਸ਼ਵਵਿਆਪੀ ਹਮਾਇਤ ਪਾਉਣ ਲਈ ਕਾਫ਼ੀ ਸਬੂਤ ਹੈ ਕਿ ਰਸੂਲਾਂ ਦੀ ਇਹੀ ਰਵਾਇਤ ਸੀ।[22]

ਜੇ ਕੋਈ ਜਾਣ ਬੁਝ ਕੇ ਪ੍ਰਭੂ ਦੇ ਦਿਨ ਸਭਾ ਤੋਂ ਗੈਰ ਹਾਜ਼ਰ ਰਹੇ ਤਾਂ ਉਹ ਜਾਣ ਬੁਝ ਕੇ ਆਪਣੇ ਆਪ ਨੂੰ ਪ੍ਰਭੂ ਦੀ ਮੇਜ਼ ਤੋਂ ਗੈਰ-ਹਾਜ਼ਰ ਰੱਖਦਾ ਹੈ। ਇਸ ਵਿਚ ਹੈਰਾਨੀ ਦੀ ਗੱਲ ਨਹੀਂ ਕਿ ਇਬਰਾਨੀਆਂ ਦੀ ਪੱਤਰੀ ਦੇ ਲੇਖਕ ਨੇ ਕਿਹਾ ਕਿ ਜਿਹੜਾ ਜਾਣ ਬੁਝ ਕੇ ਪਾਪ ਕਰਦਾ ਹੈ ਉਹਨੇ ''ਪ੍ਰਮੇਸ਼ਵਰ ਦੇ ਪੁੱਤਰ ਨੂੰ ਪੈਰਾਂ ਹੇਠ ਲਤਾੜਿਆ ਅਤੇ ਨੇਮ ਦਾ ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਿਆ ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ'' (ਇਬਰਾਨੀਆਂ 10:29)। ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ ਖ਼ੁਦਾ ਦਾ ਪਰਿਵਾਰ ਪ੍ਰਭੂ ਭੋਜ ਵਿਚ ਹਿੱਸਾ ਲੈਣ ਲਈ ਖੁਸ਼ੀ ਨਾਲ ਇਕੱਠਾ ਹੁੰਦਾ ਸੀ।

## ਪਰਿਵਾਰ ਆਪਣੇ ਪਿਤਾ ਦੇ ਵਚਨ ਦਾ ਅਧਿਐਨ ਕਰਕੇ ਆਨੰਦਿਤ ਹੋਇਆ (20:7)

ਕਲੀਸੀਆ ਦੇ ''ਰੋਟੀ ਤੋੜਨ ਲਈ'' ਇਕੱਠੇ ਹੋਣ ਤੇ ਬੰਦਗੀ ਦਾ ਅਹਿਮ ਹਿੱਸਾ ਖ਼ੁਦਾ ਦੇ ਵਚਨ ਦਾ ਮੁਤਾਲਿਆ ਕਰਨਾ ਹੁੰਦਾ ਸੀ। ਖ਼ੁਦਾ ਦਾ ਵਚਨ ਪੜ੍ਹਿਆ ਜਾਂਦਾ ਸੀ (ਕੁਲੁੱਸੀਆ 4:16; 1 ਤਿਮੋਥਿਉਸ 4:13); ਉੱਥੇ ਕੋਈ ਕਾਬਲ ਬੰਦਾ ਸਮਝਾਉਣ ਲਈ ਹੋਵੇ ਤੇ ਤਾਂ ਵਚਨ ਸੁਣਾਇਆ ਜਾਂਦਾ ਹੈ (1 ਤਿਮੋਥਿਉਸ 4:13; 2 ਤਿਮੋਥਿਉਸ 4:1, 2)। ਲੂਕਾ ਨੇ ਕਿਹਾ ਕਿ ਤ੍ਰੋਆਸ ਵਿਚ ਕਲੀਸੀਆ ਦੇ ਰੋਟੀ ਤੋੜਨ ਲਈ ਇਕੱਠਾ ਹੋਣ ਤੇ ''ਪੌਲੁਸ ਨੇ ... ਉਨ੍ਹਾਂ ਨੂੰ ਵਚਨ ਸੁਣਾਇਆ'' (ਰਸੂਲਾਂ ਦੇ ਕੰਮ 20:7ਅ)। ਅਨੁਵਾਦ ਹੋਏ ਸ਼ਬਦ ''ਵਚਨ ਸੁਣਾਇਆ'' ਦਾ ਯੂਨਾਨੀ ਸ਼ਬਦ ਉਹੀ ਹੈ ਜਿਸ ਤੋਂ ਸਾਨੂੰ ''ਗੱਲਬਾਤ'' ਸ਼ਬਦ ਮਿਲਿਆ ਹੈ। ਇਕ ਅਨੁਵਾਦ ਮੁਤਾਬਕ ''ਪੌਲੁਸ ਨੇ ਉਨ੍ਹਾਂ ਨਾਲ ਗੱਲਾਂ ਕੀਤੀਆਂ।''[23] ਉਹਦੇ ਸੰਦੇਸ਼ ਦਾ ਅਰਥ

ਕੁਝ ਦੇਰ ਬਾਅਦ ਅਫ਼ਸੁਸ ਦੇ ਐਲਡਰਾਂ ਨੂੰ ਦਿੱਤੀਆਂ ਹਦਾਇਤਾਂ ਵਰਗਾ ਹੀ ਹੋਵੇਗਾ (ਆਇਤਾਂ 17-35)।

ਪ੍ਰਚਾਰਕਾਂ ਨੂੰ ਇਹ ਧਿਆਨ ਦੇਣਾ ਚੰਗਾ ਲਗਦਾ ਹੈ ਕਿ ਪੌਲੁਸ ''ਅੱਧੀ ਰਾਤ ਤਾਈਂ ਉਪਦੇਸ਼ ਕਰਦਾ ਰਿਹਾ'' (ਆਇਤ 7ੲ)। ਪੌਲੁਸ ਦੇ ਦਿਲ ਵਿਚ ਇਨ੍ਹਾਂ ਮਸੀਹੀ ਲੋਕਾਂ ਨਾਲ ਸਾਂਝਾ ਕਰਨ ਲਈ ਬਹੁਤ ਕੁਝ ਸੀ, ਪਰ ਭਾਈਆਂ ਨੇ ਵੀ ਤਾਂ ਉਹਨੂੰ ਵਚਨ ਸੁਣਾਉਂਦੇ ਰਹਿਣ ਲਈ ਹੱਲਾਸ਼ੇਰੀ ਦਿੱਤੀ ਹੋਵੇਗੀ। ਮੈਂ ਪੌਲੁਸ ਦੇ ਇਹ ਕਹਿਣ ਦੀ ਕਲਪਨਾ ਕਰ ਸਕਦਾ ਹਾਂ, ''ਬੱਸ ਐਨਾ ਹੀ ਕਾਫ਼ੀ ਹੈ; ਰਾਤ ਬਹੁਤ ਹੋ ਗਈ ਹੈ, ਮੈਨੂੰ ਪਤਾ ਹੈ ਤੁਸੀਂ ਥੱਕ ਗਏ ਹੋਵੋਗੇ।'' ਪਰ ਉਹਦੇ ਸੁਣਨ ਵਾਲਿਆਂ ਨੇ ਉਹਨੂੰ ਟੋਕਦਿਆਂ ਕਿਹਾ ਹੋਵੇਗਾ, ''ਨਹੀਂ, ਨਹੀਂ! ਅਸੀਂ ਬਿਲਕੁਲ ਨਹੀਂ ਥੱਕੇ। ਭਾਈ ਪੌਲੁਸ ਤੁਸੀਂ ਵਚਨ ਸੁਣਾਉਂਦੇ ਰਹੋ।'' ਤ੍ਰੋਆਸ ਦੇ ਮਸੀਹੀ ਲੋਕ ਬੰਦਗੀ ਵਿਚ ਬੈਠ ਕੇ ਘੜੀ ਦਾ ਧਿਆਨ ਨਹੀਂ ਕਰਦੇ ਸਨ। ਕਿਸੇ ਨੇ ਕਿਹਾ ਹੈ, ''ਉਨ੍ਹਾਂ ਨੂੰ ਬੁਲਾਉਣ ਵਿਚ ਕੋਈ ਮੁਸ਼ਕਿਲ ਨਹੀਂ ਸੀ ਪਰ ਉਨ੍ਹਾਂ ਨੂੰ ਘਰ ਭੇਜਣਾ ਜ਼ਰੂਰ ਔਖਾ ਸੀ!''

ਸਾਡੀ ਪੀੜ੍ਹੀ ਦੇ ਬਹੁਤ ਸਾਰੇ ਲੋਕ ਟੈਲੀਵਿਜ਼ਨ ਕਰਕੇ ਬਹੁਤ ਘੱਟ ਸਮੇਂ ਲਈ ਧਿਆਨ ਲਾ ਪਾਉਂਦੇ ਹਨ! ਟੀ ਵੀ ਦੀਆਂ ਗੱਲਾਂ ਆਮ ਤੌਰ ਤੇ ਸਿਰਫ਼ ਕੁਝ ਸੈਕਿੰਡਾਂ ਲਈ ਹੀ ਪ੍ਰਭਾਵਿਤ ਕਰਦੀਆਂ ਹਨ। ਜਦ ਬਾਈਬਲ ਬਾਰੇ ਦੱਸਿਆ ਜਾਂਦਾ ਹੈ ਤਾਂ ਸਾਡੇ ਲਈ ਉਸ ਉੱਤੇ ਧਿਆਨ ਦੇਣ ਅਤੇ ਸਿੱਖਣ ਲਈ ਆਪਣੇ ਆਪ ਨੂੰ ਅਨੁਸਾਸ਼ਿਤ ਕਰਨਾ ਜ਼ਰੂਰੀ ਹੈ। ਮੁਢਲੀ ਕਲੀਸੀਆ ਨੂੰ ਖ਼ੁਦਾ ਦੇ ਵਚਨ ਦਾ ਮੁਤਾਲਿਆ ਕਰਨਾ ਚੰਗਾ ਲਗਦਾ ਸੀ।

## ਪਰਿਵਾਰ ਜਿੱਥੇ ਵੀ ਹੋ ਸਕੇ ਮਿਲਦਾ ਸੀ (20:8, 9)

ਵਰ੍ਹਿਆਂ ਤੋਂ ਮੈਂ ਪਰਿਵਾਰਾਂ ਨੂੰ ਫਿਰ ਤੋਂ ਮਿਲਾਉਣ ਲਈ ਕਿਰਾਏ ਦੇ ਮਕਾਨਾਂ, ਪਾਰਕਾਂ ਵਿਚ ਜਾਂਦਾ ਹਾਂ। ਇਹ ਐਨਾ ਅਹਿਮ ਨਹੀਂ ਹੈ ਕਿ ਪਰਿਵਾਰ *ਕਿੱਥੇ* ਮਿਲਦਾ ਹੈ। ਉਸੇ ਤਰ੍ਹਾਂ ਜਦ ਮੁੱਢਲੇ ਮਸੀਹੀ ਇਕ ਦੂਜੇ ਨਾਲ ਇਕੱਠੇ ਹੁੰਦੇ ਸਨ ਤਾਂ ਉਨ੍ਹਾਂ ਲਈ ਥਾਂ ਦੀ ਐਨੀ ਅਹਿਮੀਅਤ ਨਹੀਂ ਸੀ। ਕਈ ਵਾਰ ਉਹ ਕਿਸੇ ਦੇ ਘਰ ਵਿਚ ਇਕੱਠੇ ਹੁੰਦੇ ਸਨ (ਫ਼ਿਲੇਮੋਨ 1, 2) ਤਾਂ ਕਈ ਵਾਰ ਸਾਂਝੀਆਂ ਥਾਂਵਾਂ ਤੇ (ਰਸੂਲਾਂ ਦੇ ਕੰਮ 2:46; 5:12)। ਤ੍ਰੋਆਸ ਵਿਚ ਉਹ ਤੀਜੀ ਮੰਜ਼ਿਲ ਤੇ ਇਕ ਕਮਰੇ ਵਿਚ ਇਕੱਠੇ ਹੋਏ (20:8, 9)। ਬਹੁਤ ਘੱਟ ਨਿੱਜੀ ਇਮਾਰਤਾਂ ਦੀ ਤੀਜੀ ਮੰਜ਼ਿਲ ਹੁੰਦੀ ਸੀ, ਇਸ ਲਈ ਇਹ ਕਮਰਾ ਕਿਸੇ ਫ਼ਲੈਟ ਵਿਚ ਹੋਵੇਗਾ ਜਿਵੇਂ ਕਿ ਆਮ ਤੌਰ ਤੇ ਰੋਮ ਅਤੇ ਉਨ੍ਹਾਂ ਸ਼ਹਿਰਾਂ ਵਿਚ ਹੁੰਦਾ ਸੀ ਜੋ ਰੋਮ ਵਰਗੇ ਸਨ।[24]

ਇਹ ਮਸੀਹੀ ਲੋਕ ਤੀਜੀ ਮੰਜ਼ਿਲ ਤੇ ਇਕੱਠੇ ਕਿਉਂ ਹੋਏ ਸਨ? ਹੋ ਸਕਦਾ ਹੈ ਕਿ ਉਹਦਾ ਕਿਰਾਇਆ ਸਸਤਾ ਹੋਵੇ, ਜਾਂ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੇ ਗਲੀਆਂ ਦੇ ਧੱਕਮ-ਧੱਕੇ ਤੋਂ ਦੂਰ ਰਹਿਣ ਲਈ ਇਹ ਥਾਂ ਚੁਣੀ ਹੋਵੇ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਇਹੀ ਥਾਂ ਮਿਲੀ ਹੋਵੇ। ਜੋ ਵੀ ਕਾਰਣ ਹੋਵੇ, ਇਹ ਥਾਂ ਖ਼ਾਸ ਤੌਰ ਤੇ ਇਕੱਠੇ ਹੋਣ ਲਈ ਹੀ ਸੀ। ਦਿਨ ਭਰ ਕੰਮ ਕਰਨ ਦੇ ਬਾਅਦ ਮੈਂਬਰਾਂ ਨੂੰ ਬੰਦਗੀ ਲਈ ਤਿੰਨ ਪੌੜੀਆਂ ਚੜ੍ਹਨੀਆਂ ਪੈਂਦੀਆਂ ਸਨ (ਅਤੇ ਰਸੂਲਾਂ ਦੇ ਕੰਮ 20 ਵਿਚ ਦਰਜ ਇਸ ਮੌਕੇ ਤੇ ਉਨ੍ਹਾਂ ਨੂੰ ਬਾਰ-ਬਾਰ ਹੇਠਾਂ ਆਉਣਾ ਜਾਣਾ ਪਿਆ ਸੀ)। ਉਨ੍ਹਾਂ ਨੂੰ ਇਹਦੀ ਪਰਵਾਹ ਨਹੀਂ ਸੀ। ਇਕੱਠੇ ਹੋਣ ਦਾ ਉਨ੍ਹਾਂ ਦਾ ਮਕਸਦ ਇਕੱਠਾ ਹੋਣ ਵਾਲੀ ਥਾਂ ਨਾਲੋਂ ਅਹਿਮ ਸੀ।

ਇਕੱਠੇ ਹੋਣ ਦਾ ਕਲੀਸੀਆ ਦਾ ਆਪਣਾ ਥਾਂ ਹੋਣ ਦੇ ਫ਼ਾਇਦੇ ਵੇਖੇ ਜਾ ਸਕਦੇ ਹਨ:

ਮੈਂਬਰਾਂ ਨੂੰ ਸਹੀ ਸਹੀ ਪਤਾ ਹੁੰਦਾ ਹੈ ਕਿ ਉਨ੍ਹਾਂ ਨੇ ਹਰ ਹਫ਼ਤੇ ਕਿੱਥੇ ਇਕੱਠੇ ਹੋਣਾ ਹੈ; ਉਸ ਇਮਾਰਤ ਨੂੰ ਮੰਡਲੀ ਦੀ ਲੋੜ ਮੁਤਾਬਕ ਬਣਾਇਆ ਜਾ ਸਕਦਾ ਹੈ; ਬਾਹਰਲੇ ਲੋਕਾਂ ਦੀ ਨਜ਼ਰ ਵਿਚ ਕਲੀਸੀਆ ਵਧੇਰੇ ਮਜ਼ਬੂਤ ਅਤੇ ਕਾਇਮ ਲਗ ਸਕਦੀ ਹੈ। ਬਿਲਡਿੰਗ ਹੋਣ ਦੇ ਨੁਕਸਾਨ ਵੀ ਹੋ ਸਕਦੇ ਹਨਃ ਇਹਦਾ ਖ਼ਰਚ ਮੈਂਬਰਾਂ ਦੀ ਜੇਬ ਵਿੱਚੋਂ ਕੱਢ ਕੇ, ਉਨ੍ਹਾਂ ਦੇ ਬਹੁਤ ਸਾਰੇ ਭਲਿਆਈ ਦੇ ਕੰਮਾਂ ਵਿਚ ਰੁਕਾਵਟ ਬਣ ਸਕਦਾ ਹੈ; ਮੰਡਲੀ ਬਿਲਡਿੰਗ ਵੱਲ ਧਿਆਨ ਦੇ ਕੇ ਨਾ ਆਉਣ ਵਾਲੇ ਲੋਕਾਂ ਨੂੰ ''ਬੰਦਗੀ ਵਿਚ ਆਉਣ'' ਦੀ ਉਡੀਕ ਕਰ ਸਕਦੀ ਹੈ; ਹੋ ਸਕਦਾ ਹੈ ਕਿ ਬਿਲਡਿੰਗ ਕਰਕੇ ਮੰਡਲੀ ਖ਼ੁਦਗਰਜ਼ ਹੋ ਜਾਵੇ ਅਤੇ ਆਪਣੀ ਹੀ ਭਲਿਆਈ ਵਿਚ ਦਿਲਚਸਪੀ ਲੈਣ ਲੱਗੇ।

ਜਿਸ ਮੰਡਲੀ ਦੇ ਤੁਸੀਂ ਮੈਂਬਰ ਹੋ, ਉਸ ਕੋਲ ਆਪਣੀ ਬਿਲਡਿੰਗ ਹੈ ਜਾਂ ਨਹੀਂ,[25] ਮੈਂਬਰਾਂ ਨੂੰ ਯਾਦ ਦੁਆਉਂਦੇ ਰਹਿਣਾ ਜ਼ਰੂਰੀ ਹੈ ਕਿ ਜਿੱਥੇ ਉਹ ਇਕੱਠੇ ਹੁੰਦੇ ਹਨ ਉਸ ਥਾਂ ਦੀ ਐਨੀ ਅਹਿਮੀਅਤ ਨਹੀਂ ਹੈ ਜਿੰਨੀ ਇਹਦੀ ਕਿ ਇਕੱਠੇ ਹੋਣ ਅਤੇ ਇਕ ਦੂਜੇ ਤੋਂ ਦੂਰ ਹੋਣ ਦੇ ਬਾਅਦ ਉਹੋ ਜਿਹਾ ਹੀ ਜੀਵਨ ਗੁਜ਼ਾਰਨ।

## ਪਰਿਵਾਰ ਦੇ ਲੋਕ ਇਕ ਦੂਜੇ ਦੀ ਪਰਵਾਹ ਕਰਦੇ ਸਨ (20:9-12)

ਤ੍ਰੋਆਸ ਦੇ ਉਸ ਬਹੁਮੰਜ਼ਿਲੇ ਮਕਾਨ ਵਿਚ, ਜਦ ਪੌਲੁਸ, ''ਵਚਨ ਸੁਣਾਉਂਦਾ ਰਿਹਾ'' ਤਾਂ ''ਯੂਤਖੁਸ ਨਾਂਅ ਦਾ ਇਕ ਜਵਾਨ ... ਗਾੜ੍ਹੀ ਨੀਂਦ ਨਾਲ ਉਂਘਲਾਇਆ ਹੋਇਆ ਸੀ'' ਜਿਸ ਕਰਕੇ ਖਿੜਕੀ ਵਿੱਚੋਂ ਡਿੱਗ ਕੇ ਉਹ ਤੀਜੀ ਮੰਜ਼ਿਲ ਤੋਂ ਗਲੀ ਵਿਚ ਡਿੱਗ ਗਿਆ (ਆਇਤ 9)। ਮੈਂਬਰਾਂ ਦੇ ਤੀਜੀ ਮੰਜ਼ਿਲ ਤੋਂ ਪੌੜੀਆਂ ਰਾਹੀਂ ਨੱਸਣ ਨਾਲ ਬੰਦਗੀ ਵਿਚ ਭਗਦੜ ਮਚ ਗਈ। ਜਿਨ੍ਹਾਂ ਦਾ ਕੋਈ ਜਵਾਨ ਮੁੰਡਾ ਜਾਂ ਕੁੜੀ ਮਰਿਆ ਹੋਵੇ ਉਹ ਉਸ ਸਦਮੇ ਨੂੰ ਸਮਝ ਸਕਦੇ ਹਨ ਜੋ ਉਸ ਮੁੰਡੇ ਦੀ ਮੁਰਦਾ ਦੇਹ ਨੂੰ ਵੇਖਣ ਵਾਲਿਆਂ ਉੱਤੇ ਛਾ ਗਿਆ ਸੀ। ਲੂਕਾ ਨੇ ਸਿਰਫ਼ ਐਨਾ ਹੀ ਲਿਖਿਆ ਹੈ ਕਿ ਉਹ ''ਰੌਲਾ'' ਪਾ ਰਹੇ ਸਨ (ਆਇਤ 10)।

ਆਇਤ 12 ਉਨ੍ਹਾਂ ਦੇ ਦੁੱਖ ਦੇ ਹੋਰ ਪਹਿਲੂ ਨੂੰ ਦੱਸਦੀ ਹੈ। ਬਾਅਦ ਵਿਚ ਬੰਦਗੀ ਖ਼ਤਮ ਹੋਣ ਤੇ ''ਉਹ ਉਸ ਮੁੰਡੇ ਨੂੰ ਜੀਉਂਦਾ ਲਿਆਏ ਅਤੇ ਬਹੁਤ ਸ਼ਾਂਤ ਹੋਏ।'' ਉਸ ਮੁੰਡੇ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੀ ਸੀ ਭਾਵ ਉਹਦੇ ਆਉਣ ਜਾਣ ਦਾ ਖ਼ਰਚ ਅਤੇ ਉਹਦੀ ਸੁਰੱਖਿਆ ਉਨ੍ਹਾਂ ਦਾ ਹੀ ਜ਼ਿੰਮਾ ਸੀ। NIV ਵਿਚ ''ਲੋਕ ਉਸ ਜਵਾਨ ਨੂੰ ਜ਼ਿੰਦਾ ਘਰ ਲਿਆਏ ਅਤੇ ਬੜੀ ਸ਼ਾਂਤੀ ਪਾਏ'' ਹੈ। ਹੋ ਸਕਦਾ ਹੈ ਕਿ ਉਸ ਜਵਾਨ ਦੇ ਮਾਂ ਪਿਓ ਮਸੀਹੀ ਨਾ ਹੋਣ ਅਤੇ ਕਲੀਸੀਆ ਦੇ ਲੋਕਾਂ ਨੇ ਉਨ੍ਹਾਂ ਨਾਲ ਉਹਨੂੰ ਸਲਾਮਤ ਘਰ ਲਿਆਉਣ ਦਾ ਵਾਅਦਾ ਕੀਤਾ ਹੋਵੇ। ਇਕ ਪਲ ਲਈ ਆਪਣੇ ਆਪ ਨੂੰ ਉਨ੍ਹਾਂ ਦੀ ਥਾਂ ਰੱਖੋ ਜਦ ਉਨ੍ਹਾਂ ਨੇ ਉਹਦੀ ਮੁਰਦਾ ਦੇਹ ਨੂੰ ਹੈਰਾਨ ਹੋ ਕੇ ਵੇਖਿਆ ਕਿ ਹੁਣ ਅਸੀਂ ਉਹਦੇ ਮਾਂ ਪਿਓ ਨੂੰ ਕੀ ਦੱਸਾਂਗੇ। ਪੌਲੁਸ ਵੱਲੋਂ ਉਸ ਮੁੰਡੇ ਨੂੰ ਜ਼ਿੰਦਾ ਕਰ ਦੇਣ ਤੇ ਉਹ ਕਿੰਨੇ ਖੁਸ਼ ਹੋਏ ਹੋਣਗੇ! ''ਬਹੁਤ ਸ਼ਾਂਤੀ ਪਾਈ'' ਲੂਕਾ ਵੱਲੋਂ ਦਿੱਤੇ ਨਮੂਨੇ ਨਾਲ ਮੇਲ ਖਾਂਦਾ ਅਲਪ ਵਾਕ ਹੈ।

ਅਗਲੇ ਪਾਠ ਵਿਚ ਅਸੀਂ ਉਸ ਮੋਅਜਜ਼ੇ ਦਾ ਹੋਰ ਵਿਸਤਾਰ ਨਾਲ ਅਧਿਐਨ ਕਰਾਂਗੇ। ਹੁਣ ਲਈ ਮੈਂ ਸਿਰਫ਼ ਐਨਾ ਹੀ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਪਰਿਵਾਰ ਦੇ ਲੋਕ ਇਕ ਦੂਜੇ ਦੀ ਪਰਵਾਹ ਕਰਦੇ ਹਨ। ਉਹ ਸੱਚਮੁੱਚ ''ਅਨੰਦ ਕਰਨ ਵਾਲਿਆਂ ਨਾਲ'' ਅਨੰਦ ਕਰਦੇ

ਅਤੇ ''ਰੋਣ ਵਾਲਿਆਂ ਨਾਲ'' ਰੋਂਦੇ ਹਨ (ਰੋਮੀਆਂ 12:15)। ਜੇ ਤੁਹਾਡਾ ਦਿਲ ਮਸੀਹ ਵਿਚ ਆਪਣੇ ਭਾਈਆਂ ਅਤੇ ਭੈਣਾਂ ਨਾਲ ਇਕ ਸੁਰ ਵਿਚ ਨਹੀਂ ਧੜਕਦਾ ਤਾਂ ਇਹ ਪੱਕਾ ਕਰਨ ਲਈ ਕਿ ਤੁਹਾਡਾ ਵੀ ਉਹੀ ਪਿਤਾ ਹੈ ਜੋ ਉਨ੍ਹਾਂ ਦਾ ਹੈ, ਜਾਂਚ ਲਓ।

## ਪਰਿਵਾਰ ਦੇ ਲੋਕ ਇਕੱਠੇ ਹੋ ਕੇ ਭੋਜਨ ਖਾ ਕੇ ਅਨੰਦਿਤ ਹੋਏ (20:11)

ਯੂਤਖੁਸ ਦੇ ਜ਼ਿੰਦਾ ਹੋਣ ਦੇ ਬਾਅਦ ਪੌਲੁਸ ਅਤੇ ਹੋਰ ਲੋਕ ਤੀਜੀ ਮੰਜ਼ਿਲ ਵਾਲੇ ਕਮਰੇ ਵਿਚ ਪਰਤ ਆਏ। ਆਇਤ 11 ਵਿਚ ਦੱਸਿਆ ਗਿਆ ਹੈ ਕਿ ''ਉਹ ਉੱਪਰ ਆਇਆ ਅਤੇ ਰੋਟੀ ਤੋੜ ਕੇ ਖਾਧੀ ਅਰ ਐਨਾ ਚਿਰ ਗੱਲਾਂ ਕਰਦਾ ਰਿਹਾ ਜੋ ਦਿਨ ਚੜ੍ਹ ਗਿਆ...।'' ਇਹ ਵੀ ਹੋ ਸਕਦਾ ਹੈ ਕਿ ਰੋਟੀ ਤੋੜਨਾ ਉਹੀ ਕ੍ਰਿਆ ਹੈ ਜਿਹਦਾ ਜ਼ਿਕਰ ਆਇਤ 7 ਵਿਚ ਮਿਲਦਾ ਹੈ ਪਰ ਲਗਦਾ ਨਹੀਂ ਕਿ ਇਵੇਂ ਹੀ ਹੋਵੇ। ਤ੍ਰੋਆਸ ਦੇ ਮਸੀਹੀ ''ਰੋਟੀ ਤੋੜਨ ਲਈ'' ਇਕੱਠੇ ਹੋਏ ਸਨ, ਇਸ ਲਈ ਲਗਦਾ ਨਹੀਂ ਕਿ ਅਖ਼ਮੀਰੀ ਰੋਟੀ ਤੋੜਨ ਅਤੇ ਦਾਖ਼ ਦਾ ਰਸ ਲੈਣ ਲਈ ਘੰਟਿਆਂ ਤਕ ਉਡੀਕ ਕਰਦੇ ਰਹੇ ਹੋਣਗੇ ਜਦ ਕਿ ਪੌਲੁਸ ''ਵਚਨ ਸੁਣਾਉਂਦਾ ਰਿਹਾ।'' ਯਕੀਨਨ ਹੀ ਜੋ ਕੰਮ ਉਨ੍ਹਾਂ ਨੇ ਸਭ ਤੋਂ ਪਹਿਲਾਂ ਕੀਤੇ ਉਨ੍ਹਾਂ ਵਿਚ ਪ੍ਰਭੂ ਦੀ ਕੁਰਬਾਨੀ ਨੂੰ ਯਾਦ ਕਰਨ ਲਈ ਉਹਦੀ ਮੇਜ਼ ਕੋਲ ਇਕੱਠੇ ਹੋਣਾ ਇਕ ਸੀ। ਉਹਦੇ ਬਾਅਦ ਉਹ ਪੌਲੁਸ ਦੀਆਂ ਗੱਲਾਂ ਸੁਣਨ ਲਈ ਤਿਆਰ ਹੋਣਗੇ। ਆਇਤ 11 ਵਿਚ ਰੋਟੀ ਤੋੜਨਾ, ਜੋ ਘੰਟਿਆਂ ਬਾਅਦ ਹੋਇਆ, ਹੋ ਸਕਦਾ ਹੈ ਕਿ ਪ੍ਰੀਤੀ ਭੋਜ ਨੂੰ ਕਿਹਾ ਗਿਆ ਹੋਵੇ। ਲਿਖਤ ਵਿਚ ਇੱਥੇ ਰਸੂਲਾਂ ਦੇ ਕੰਮ 2 ਵਰਗੀ ਘਟਨਾ ਹੈ ਜਿੱਥੇ ਆਇਤ 2:42 ਵਿਚ ਰੋਟੀ ਤੋੜਨਾ ਪ੍ਰਭੂ ਭੋਜ ਨੂੰ ਕਿਹਾ ਗਿਆ ਹੈ, ਜਦ ਕਿ ਕੁਝ ਆਇਤਾਂ ਬਾਅਦ ਉਹੀ ਸ਼ਬਦ (ਆਇਤ 46) ਆਮ ਭੋਜਨ ਲਈ ਹੈ।[26]

ਜਿਵੇਂ ਕਿ ਰਸੂਲਾਂ ਦੇ ਕੰਮ ਦੇ ਆਪਣੇ ਅਧਿਐਨ ਵਿਚ ਅਸੀਂ ਵੇਖਿਆ ਕਿ ਆਰੰਭਿਕ ਮਸੀਹੀ ਲੋਕਾਂ ਦੀ ਜ਼ਿੰਦਗੀ ਵਿਚ ਮੇਜ਼ ਦੀ ਸੰਗਤੀ ਇਕ ਅਹਿਮ ਹਿੱਸਾ ਸੀ। ਮੈਂ ਪੌਲੁਸ ਅਤੇ ਹੋਰਨਾਂ ਦੇ ਅਨੰਦਿਤ ਹੋ ਕੇ ਚੁਬਾਰੇ ਵਾਲੇ ਕਮਰੇ ਵਿਚ ਵਾਪਸ ਜਾਣ ਦੀ ਕਲਪਨਾ ਕਰ ਸਕਦਾ ਹਾਂ। ਟਲ ਚੁੱਕੇ ਹਾਦਸੇ ਦੀ ਗੱਲ ਕਰਦਿਆਂ ਉਨ੍ਹਾਂ ਦੇ ਬੋਲਾਂ ਵਿਚ ਰਾਹਤ ਸੁਣਾਈ ਦਿੰਦੀ ਹੈ। ਜੇ ਉਨ੍ਹਾਂ ਵਿੱਚੋਂ ਕਿਸੇ ਨੇ ਯੂਤਖੁਸ ਨੂੰ ਸੌਣ ਦੀ ਗੱਲ ਕਹਿ ਕੇ ਚਿੜਾਇਆ ਹੋਵੇ ਤਾਂ ਮੈਨੂੰ ਕੋਈ ਹੈਰਾਨੀ ਨਹੀਂ ਹੋਵੇਗੀ। ਅਜਿਹਾ ਹੀ ਮਹੌਲ ਹੋਵੇਗਾ ਜਦ ਗੰਢਾਂ ਖੋਲ੍ਹੀਆਂ ਗਈਆਂ ਹੋਣਗੀਆਂ ਅਤੇ ਹਰ ਕਿਸੇ ਵੱਲੋਂ ਲਿਆਂਦਾ ਗਿਆ ਖਾਣਾ ਪਰੋਸਿਆ ਗਿਆ ਹੋਵੇਗਾ। ਖਾਣੇ ਲਈ ਪੌਲੁਸ ਦੇ ਆਉਣ ਅਤੇ ਯੂਤਖੁਸ ਦੀ ਸਲਾਮਤੀ ਲਈ ਸ਼ੁਕਰਗੁਜ਼ਾਰੀ ਕਰਨ ਦੇ ਬਾਅਦ ਉਹ ਹੇਠਾਂ ਬੈਠ ਗਏ ਅਤੇ ਉਨ੍ਹਾਂ ਨੇ ਖਾਣਾ ਖਾਧਾ। ਇਹ ਇਕ ਅਜਿਹਾ ਦ੍ਰਿਸ਼ ਸੀ ਜਿਸ ਨੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੋਵੇਗਾ, ਕਿਉਂਕਿ ''ਸਭ ਮਸੀਹ ਯਿਸੂ ਵਿਚ ਇਕ'' (ਗਲਾਤੀਆਂ 3:28) ਹੋਣ ਕਰਕੇ ਯਹੂਦੀ ਅਤੇ ਯੂਨਾਨੀ, ਮਾਲਿਕ ਅਤੇ ਗ਼ੁਲਾਮ, ਮਰਦ ਅਤੇ ਔਰਤਾਂ ਇਕ ਸਾਂਝੇ ਮੇਜ਼ ਤੇ ਖਾਣਾ ਖਾਣ ਲਈ ਇਕੱਠੇ ਹੋਏ ਸਨ।

ਇਕੱਠੇ ਹੋਣ ਤੇ, ਪੌਲੁਸ ''ਚਿਰ ਤਕ ਗੱਲਾਂ ਕਰਦਾ ਰਿਹਾ'' (ਆਇਤ 11)। ਮੂਲ ਵਿਚ ਇੱਥੇ ਅਨੁਵਾਦ ਹੋਏ ਸ਼ਬਦ ''ਗੱਲਾਂ ਕਰਦਾ ਰਿਹਾ'' ਆਇਤ 7 ਵਿਚ ਅਨੁਵਾਦ ਹੋਏ ਸ਼ਬਦ ''ਉਪਦੇਸ਼ ਕਰਦਾ ਰਿਹਾ'' ਨਾਲੋਂ ਫ਼ਰਕ ਹੈ। ਇਸ ਸ਼ਬਦ ਦੀ ਵਰਤੋਂ ਅਰਾਮ ਨਾਲ ਗੱਲਬਾਤ ਲਈ ਕੀਤੀ ਜਾਂਦੀ ਹੈ। ਐਫ਼. ਐਫ਼. ਬਰੂਸ ਨੇ ਆਇਤ 11 ਦੇ ਪਿਛਲੇ ਹਿੱਸੇ ਦਾ ਅਨੁਵਾਦ

ਇਸ ਤਰ੍ਹਾਂ ਕੀਤਾ ਹੈ, ''ਪਹੁ ਫੁੱਟਣ ਤਕ ਹੋਰ ਗੱਲਾਂ ਕਰਦਾ ਰਿਹਾ।''[27] ਸਾਡੇ ਇੱਥੇ, ਅਸੀਂ ਕਹਾਂਗੇ, ''ਜਾਣ ਤੋਂ ਪਹਿਲਾਂ ਪੌਲੁਸ ਨੇ ਉਨ੍ਹਾਂ ਨਾਲ ਖ਼ੂਬ ਗੱਲਾਂ ਕੀਤੀਆਂ।''[28]

ਤ੍ਰੋਆਸ ਵਿਚ ਇਸ ਦਿਨ ਦਾ ਖ਼ਤਮ ਹੋਣਾ ਮੈਨੂੰ ਉਨ੍ਹਾਂ ਬਹੁਤ ਸਾਰੀਆਂ ਬੰਦਗੀਆਂ ਦਾ ਚੇਤਾ ਕਰਾਉਂਦਾ ਹੈ ਜਿੱਥੇ ਬੰਦਗੀ ਦੇ ਬਾਅਦ ਇਕੱਠੇ ਖਾਣਾ ਖਾਧਾ ਜਾਂਦਾ ਹੈ। ਨਵੇਂ ਨੇਮ ਵਿਚ ਇਸ ਤਰ੍ਹਾਂ ਦੇ ਖਾਣੇ ਨੂੰ ''ਪ੍ਰੇਮ ਭੋਜਨ'' ਕਿਹਾ ਗਿਆ ਹੈ (ਯਹੂਦਾ 12)।[29] ਆਮ ਤੌਰ ਤੇ ਇਸ ਨੂੰ ਵਧੇਰੇ ਘਰੇਲੂ ਅਰਥਾਤ ''ਪੂਰੀ ਕਲੀਸੀਆ ਦੀ ਸੰਗਤੀ'' ਜਾਂ ''ਦਰੀ ਤੇ ਖਾਣਾ'' ਆਦਿ ਨਾਂਅ ਦਿੱਤਾ ਜਾਂਦਾ ਹੈ। (ਮੇਰਾ ਇਕ ਦੋਸਤ ਇਸ ਨੂੰ ਈਟਿਨ ਮੀਟਿਨ ਕਹਿੰਦਾ ਹੈ।) ਜੋ ਵੀ ਨਾਂਅ ਦਿੱਤਾ ਜਾਵੇ ਇਹ ਉਹ ਖ਼ਾਸ ਵਕਤ ਹੁੰਦਾ ਹੈ ਜਦ ਅਸੀਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣ ਸਕਦੇ ਹਾਂ, ਜਦ ਇਕ ਦੂਜੇ ਨਾਲ ਸਬੰਧ ਮਜ਼ਬੂਤ ਹੁੰਦੇ ਹਨ।

ਆਮ ਤੌਰ ਤੇ ਪਰਿਵਾਰ ਇਕੱਠੇ ਹੋ ਕੇ, ਇਕੱਠੇ ਖਾਣਾ ਖਾ ਕੇ, ਇਕ ਦੂਜੇ ਦੇ ਘਰ ਜਾ ਕੇ ਅਨੰਦ ਕਰਦੇ ਹਨ। ਉਸੇ ਤਰ੍ਹਾਂ ਮੁੱਢਲੀ ਕਲੀਸੀਆ ਦੇ ਲੋਕ ਵੀ ਇਕ ਦੂਜੇ ਨਾਲ ਖਾਣਾ ਅਤੇ ਗੱਲਾਂ ਕਰਕੇ ਖੁਸ਼ ਹੁੰਦੇ ਸਨ। ਸਾਨੂੰ ਵੀ ਉਵੇਂ ਹੀ ਕਰਨਾ ਚਾਹੀਦਾ ਹੈ।

## ਸਾਰ

ਪਾਠ ਦੇ ਅਖ਼ੀਰ ਵਿਚ, ਆਓ ਮੁੱਢਲੀ ਕਲੀਸੀਆ ਦੇ ਪਰਿਵਾਰਕ ਮਹੌਲ ਦਾ ਅਨੰਦ ਲੈਣ ਲਈ ਕੁਝ ਦੇਰ ਰੁਕਦੇ ਹਾਂ। ਮੇਰਾ ਮੰਨਣਾ ਹੈ ਕਿ ਅਸੀਂ ਨਵੇਂ ਨੇਮ ਦੇ ਬੁਨਿਆਦੀ ਤੱਤਾਂ ਅਰਥਾਤ ਇਸਦੇ ਸੰਗਠਨ, ਬੰਦਗੀ ਦੀਆਂ ਗੱਲਾਂ, ਨਾਂਅ ਅਤੇ ਕਈ ਹੋਰ ਗੱਲਾਂ ਨੂੰ ਫੇਰ ਤੋਂ ਮੰਨ ਲਿਆ ਹੈ। ਪਰ ਕਈ ਵਾਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਕੀ ਅਸੀਂ ਮੁੱਢਲੇ ਮਸੀਹੀ ਲੋਕਾਂ ਦੇ ਮੂਲ *ਵਿਹਾਰ* ਨੂੰ ਮੰਨ ਕੇ ਉਸ ਉੱਤੇ ਚੱਲਣ ਦੀ ਪੂਰੀ ਕੋਸ਼ਿਸ਼ ਵੀ ਕਰਦੇ ਹਾਂ। ਪੌਲੁਸ ਨੇ ਜ਼ੋਰ ਦੇ ਕੇ ਕਿਹਾ ਕਿ ਕਲੀਸੀਆ ਖ਼ੁਦਾ ਦਾ *ਘਰ* ਹੈ (1 ਤਿਮੋਥਿਉਸ 3:15)। ਖ਼ੁਦਾ ਸਾਡੀ ਮਦਦ ਕਰੇ ਕਿ ਅਸੀਂ ਅਜਿਹੇ ਹੀ ਕੰਮ ਕਰੀਏ।

## ਸਰਮਨ ਨੋਟਸ

*ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ,* ਅੰਕ 1 ਵਿਚ ਵਾਰੇਨ ਡਬਲਯੂ. ਵਿਅਰਸਬੇ ਨੇ ਰਸੂਲਾਂ ਦੇ ਕੰਮ 20:6-12 ਨੂੰ ''ਵਿਦਾਇਗੀ ਦੀ ਬੰਦਗੀ'' ਦਾ ਨਾਂਅ ਦਿੱਤਾ ਅਤੇ ਉਸ ਭਾਗ ਨੂੰ ਇੰਜ ਵੰਡਿਆ: (1) ਪ੍ਰਭੂ ਦਾ ਦਿਨ, (2) ਪ੍ਰਭੂ ਦੇ ਲੋਕ, (3) ਪ੍ਰਭੂ ਦਾ ਭੋਜ, (4) ਪ੍ਰਭੂ ਦਾ ਸੰਦੇਸ਼ ਅਤੇ (5) ਪ੍ਰਭੂ ਦੀ ਸ਼ਕਤੀ।

---

ਟਿੱਪਣੀਆਂ

[1]ਇਸ ਅਤੇ ਅਗਲੇ ਪਾਠ ਵਿਚ ਇੱਥੇ ਅਤੇ ਕਈ ਹੋਰ ਜਗ੍ਹਾ ''ਕਲੀਸੀਆ'' (ਚਰਚ) ਦਾ ਅਰਥ ''ਬੰਦਗੀ ਲਈ ਇਕੱਠੀ ਹੋਣ ਵਾਲੀ ਸਭਾ'' ਹੈ। *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਦੀ ਅਰਥਾਵਲੀ ਵਿਚ ਵੇਖੋ ''ਕਲੀਸੀਆ।'' [2]ਇਹ ਅਤੇ ਅਗਲਾ ਪਾਠ ਮੈਂ *ਕ੍ਰਿਸਚਿਅਨ ਬਾਈਬਲ ਟੀਚਰ* ਵਿਚ ਜੌਨ ਵੈਡੀ ਦੇ ਲੇਖ

‘‘ਯੂਤਿਖੁਸ, ਦ ਸਲੀਪੀ ਡਿਸਾਈਪਲ’’ (ਸਤੰਬਰ 1982) ਅਤੇ 14 ਦਿਸੰਬਰ 1986 ਨੂੰ ਸਦਰਨ ਹਿੱਲਜ਼ ਚਰਚ ਆਫ਼ ਕ੍ਰਾਈਸਟ, ਅਬਿਲੇਨੈ, ਟੈਕਸਸ ਵਿਚ ਦਿੱਤੇ ਰਿੱਕ ਐਚਲੇ ਦੇ ਸੰਦੇਸ਼ ‘‘ਬ੍ਰੇਕਿੰਗ ਬ੍ਰੈੱਡ ਐਂਡ ਰੇਜ਼ਿੰਗ ਦ ਡੈੱਡ’’ ਲੇਖ ਦੇ ਅਧਾਰ ਤੇ ਬਣਾਏ ਹਨ। [3]ਲੂਈਸ ਫ਼ੋਸਟਰ, ਨੋਟਸ ਆਨ ਐਕਟਸ, *ਦ NIV ਸਟਡੀ ਬਾਈਬਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1985), 1685. ਪੌਲੁਸ ਕਈ ਮੌਕਿਆਂ ਤੇ ਸ਼ਹਿਰਾਂ ਵਿਚ ਸੱਤ ਤੋਂ ਵੱਧ ਦਿਨ ਤਕ ਰੁਕ ਗਿਆ ਤਾਂ ਜੋ ਆਪਣੇ ਭਾਈਆਂ ਨੂੰ ਮਿਲ ਸਕੇ (21:4; 28:14)। [4]ਇਸ ਭਾਗ ਵਿਚ ‘‘ਗ਼ਰੀਬਾਂ ਨੂੰ ਚੇਤੇ ਰੱਖੋ’’ ਪਾਠ ਵਿਚ ਆਇਤ 6 ਤੇ ਨੋਟਸ ਵੇਖੋ। [5]ਹੋ ਸਕਦਾ ਹੈ ਕਿ ਪੌਲੁਸ, ਲੂਕਾ ਅਤੇ ਜੋ ਵੀ ਉਨ੍ਹਾਂ ਨਾਲ ਸਨ ਹਫ਼ਤੇ ਦੇ ਪਹਿਲੇ ਦਿਨ ਜਹਾਜ਼ ਵਿਚ ਇਕੱਠੇ ਹੋਏ ਹੋਣ। [6]ਯਾਦ ਰੱਖੋ ਕਿ ਦਿਨ ਦੇ ਇਕ ਭਾਗ ਨੂੰ ਆਮ ਤੌਰ ਤੇ ਪੂਰਾ ਦਿਨ ਮੰਨਿਆ ਜਾਂਦਾ ਸੀ। [7]ਬੇਸ਼ੱਕ ਸਾਨੂੰ ਇਹ ਕਲਪਨਾ ਨਹੀਂ ਕਰਨੀ ਚਾਹੀਦੀ ਕਿ ਪੌਲੁਸ ਅਤੇ ਹੋਰ ਲੋਕ ਉਡੀਕ ਕਰਦੇ ਹੋਏ ਚੱਕਰ ਬਣਾ ਕੇ ਐਵੇਂ ਹੀ ਬੈਠ ਗਏ ਹੋਣਗੇ। ਪੌਲੁਸ ਦੀ ਟੋਲੀ ਵਿਚ ਘੱਟੋ-ਘੱਟ ਨੌਂ ਆਦਮੀ ਸਨ, ਜਿਨ੍ਹਾਂ ਵਿੱਚੋਂ ਬਹੁਤੇ (ਜੇ ਸਾਰੇ ਨਹੀਂ) ਪ੍ਰਚਾਰ ਕਰ ਸਕਦੇ ਸਨ। ਨੌਂ ਤੋਂ ਵੱਧ ਲੋਕਾਂ ਵੱਲੋਂ ਇਕ ਹਫ਼ਤਾ ਪ੍ਰਚਾਰ ਮੁਹਿੰਮ ਕਾਫ਼ੀ ਫ਼ਲਦਾਇਕ ਰਹੀ ਹੋਵੇਗੀ। [8]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ‘‘ਰਸੂਲਾਂ ਦੇ ਕੰਮ, 2’’ ਵਿਚ 9:26 ਤੇ ਨੋਟਸ ਵੇਖੋ। [9]ਕਲੀਸੀਆ ਦੀ ਸਥਾਪਨਾ ਵੀ ਹਫ਼ਤੇ ਦੇ ਪਹਿਲੇ ਦਿਨ ਹੀ ਹੋਈ ਸੀ (ਲੇਵੀਆਂ ਦੀ ਪੋਥੀ 23:16; ਰਸੂਲਾਂ ਦੇ ਕੰਮ 2:1)। [10]ਫ਼ਸਟ ਅਪੋਲੋਜੀ 67:7, *ਸਰਵੇ ਆਫ਼ ਫ਼ਸਟ ਕੁਰਿੰਥੀਅੰਸ* (ਸਰਸੀ, ਆਕੈਂਸਾ: ਲੇਖਕ ਵੱਲੋਂ, 1989), 141 ਵਿਚ ਜਿੰਮੀ ਐਲਨ ਦੁਆਰਾ ਦੁਹਰਾਇਆ ਗਿਆ। ਜਸਟਿਨ ਮਾਰਟਿਨ ਜਿਸ ਦਾ ਜਨਮ ਲਗਭਗ 100 ਈਸਵੀ ਵਿਚ ਹੋਇਆ ਸੀ, ਨੂੰ ਬੇਹੱਦ ਅਹਿਮ ਆਰੰਭਿਕ ਮਸੀਹੀ ਲੇਖਕਾਂ ਵਿੱਚੋਂ ਇਕ ਮੰਨਿਆ ਜਾਂਦਾ ਹੈ। ਉਹ ਪੋਲੀਕਾਰਪ ਦਾ ਚੇਲਾ ਸੀ, ਜੋ ਯੂਹੰਨਾ ਰਸੂਲ ਦਾ ਚੇਲਾ ਸੀ। ਉਹਦੇ ਲੇਖਾਂ ਵਿਚ ਦਿੱਤੇ ਗਏ ਕਥਨਾਂ ਦੀ ਬਰਨਬਾਸ 15:9 ਵਰਗੇ ਪੁਰਾਤਨ ਦਸਤਾਵੇਜ਼ਾਂ ਤੋਂ ਤਸਦੀਕ ਹੁੰਦੀ ਹੈ। ਇਗਨੇਸ਼ਿਅਸ ਨੇ ਉਨ੍ਹਾਂ ਲੋਕਾਂ ਬਾਰੇ ਕਿਹਾ ਜੋ ਨਵੀਂ ਆਸ ਕੋਲ ਆਏ ਸਨ, ਜੋ ਹੁਣ ਸੱਬਤ ਨੂੰ ਨਹੀਂ ਮੰਨਦੇ ਸਨ, ਸਗੋਂ ਪ੍ਰਭੂ ਦੇ ਦਿਨ ਲਈ ਜੀਊਂਦੇ ਸਨ (ਲੈਟਰ ਟੂ ਮੈਗਨੀਸ਼ਿਅੰਸ 9:1-3)। ‘‘ਦ ਕਾਂਸਟਿਚਿਊਸ਼ਨ ਆਫ਼ ਦਾ ਹੋਲੀ ਅਪੋਸਟਲਜ਼’’ ਵਿੱਚੋਂ ਏ *ਗਰੁੱਪ ਡਿਸਕਸ਼ਨ ਸਟੱਡੀ ਆਫ਼ ਐਕਟਸ* (ਰਿਚਰਡਸਨ, ਟੈਕਸਸ: ਆਰਕੇਓ ਪਬਲਿਕੇਸ਼ੰਜ਼, 1971), 93 ਵਿਚ ਰਾਬਰਟ ਕੇ. ਓਗਲੇਸਬੀ ਵੱਲੋਂ ਦੁਹਰਾਇਆ ਗਿਆ।

[11]ਮਸੀਹੀ ਲੋਕਾਂ ਨੂੰ ਕਦੇ ਵੀ ਹਫ਼ਤੇ ਦਾ ਸਤਵਾਂ ਦਿਨ (‘‘ਸੱਬਤ’’) ਮਨਾਉਣ ਲਈ ਨਹੀਂ ਕਿਹਾ ਗਿਆ (ਵੇਖੋ ਕੁਲੁੱਸੀਆਂ 2:14, 16)। [12]ਇਹ ਗੱਲ ਕਿ ਪੌਲੁਸ ‘‘ਅੱਧੀ ਰਾਤ ਤਕ’’ ਵਚਨ ਸੁਣਾਉਂਦਾ ਰਿਹਾ (ਆਇਤ 7) ਸੰਕੇਤ ਦੇਵੇਗੀ ਕਿ ਉਨ੍ਹਾਂ ਦਾ ਇਕੱਠਾ ਹੋਣਾ ਰਾਤ ਵੇਲੇ ਸੀ। [13]ਕਈ ਤਾਂ ਗੁਲਾਮ ਵੀ ਸਨ (1 ਕੁਰਿੰਥੀਆਂ 12:13; ਅਫ਼ਸੀਆਂ 6:5; ਕੁਲੁੱਸੀਆਂ 3:22; 1 ਤਿਮੋਥਿਉਸ 6:1)। [14]ਦੇ ਅਨੁਵਾਦਕਾਂ ਨੇ ਸਾਫ਼ ਤੌਰ ਤੇ ਇਹੀ ਸੋਚਿਆ, ਕਿਉਂਕਿ ਉਨ੍ਹਾਂ ਨੇ ਰਸੂਲਾਂ ਦੇ ਕੰਮ 20:7 ਵਿਚ ‘‘ਸਨਿੱਚਰਵਾਰ ਰਾਤ’’ ਵਾਕਾਂਸ਼ ਦੀ ਵਰਤੋਂ ਕੀਤੀ। ਹੋਰ ਹਰ ਥਾਂ ਇਸੇ ਯੂਨਾਨੀ ਵਾਕਾਂਸ਼ ਦੀ ਵਰਤੋਂ ਹੋਈ ਹੈ (ਮੱਤੀ 28:1; ਮਰਕੁਸ 16:2, 9; ਲੂਕਾ 24:1; ਯੂਹੰਨਾ 20:1, 19; 1 ਕੁਰਿੰਥੀਆਂ 16:2), NEB ਦੇ ਅਨੁਵਾਦਕਾਂ ਨੇ ਇਸ ਨੂੰ ‘‘ਐਤਵਾਰ’’ ਅਨੁਵਾਦ ਕੀਤਾ ਹੈ। [15]ਫ਼ੋਸਟਰ, 1685. [16]‘‘ਇਹ ਵਾਕ ਸੈਵੰਥ-ਡੇ ਐਡਵੇਂਟਿਸਟ ਲੋਕਾਂ ਦੀ ਰਵਾਇਤ ਦੀ ਹਮਾਇਤ ਨਹੀਂ ਕਰਦਾ ਜੋ ਸ਼ੁੱਕਰਵਾਰ ਸੂਰਜ ਡੁੱਬਣ ਤੋਂ ਸਨਿੱਚਰਵਾਰ ਨੂੰ ਸੂਰਜ ਚੜ੍ਹਨ ਤਕ ਸੱਬਤ ਅਤੇ ਮਸੀਹੀ ਬੰਦਗੀ ਲਈ ਢੁਕਵਾਂ ਦਿਨ ਮੰਨਦੇ ਹਨ। ਜੇ ਇਹ ਮੀਟਿੰਗ ਸਨਿੱਚਰਵਾਰ ਰਾਤ ਨੂੰ ਵੀ ਸੀ ਤਾਂ ਇਹ ਯਹੂਦੀ ਸਭਾ ਦਾ ਹਿੱਸਾ ਨਹੀਂ ਸੀ’’ (ਆਈ. ਹਾਵਰਡ ਮਾਰਸ਼ਲ, *ਦ ਐਕਟਸ ਆਫ਼ ਦ ਅਪੋਸਟਲਜ਼,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼, ਸਧਾ. ਸੰਸਕ. ਆਰ. ਵੀ. ਜੀ. ਟਾਸਕਰ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿੰਸ਼ਿੰਗ ਕੰ., 1980], 326)। [17]ਧਿਆਨ ਦਿਓ ਕਿ ਉਹ ਰੋਟੀ ਤੋੜਨ ਲਈ ਇਕੱਠੇ ਹੋਏ ਸਨ, ਪੌਲੁਸ ਦਾ ਪ੍ਰਚਾਰ ਸੁਣਨ ਲਈ ਨਹੀਂ। ‘‘ਪੌਲੁਸ ਵਰਗੇ ਰਸੂਲ ਦੇ ਸੰਬੋਧਨ ਨੂੰ ਵੀ ਦੂਜਾ ਥਾਂ ਦਿੱਤਾ ਗਿਆ’’ (ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਐਕਟਸ* [ਆਸਟਿਨ, ਟੈਕਸਸ: ਫ਼ਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, 1976], 386)। [18]ਫ਼ੋਸਟਰ, 1685. ਕੁਝ ਲੋਕਾਂ ਦਾ ਮੰਨਣਾ ਹੈ ਕਿ ਰਸੂਲਾਂ ਦੇ ਕੰਮ 20:7 ਵਿਚ ‘‘ਰੋਟੀ ਤੋੜਨ ਲਈ’’ ਕੁਰਿੰਥੁਸ ਵਾਂਗ (1 ਕੁਰਿੰਥੀਆਂ 11:17-22, 33, 34) ਪ੍ਰਭੂ ਭੋਜ ਨੂੰ *ਅਗਾਪੇ* ਨਾਲ (‘‘ਪ੍ਰੇਮ ਭੋਜ’’ ਯਹੂਦਾ 12; ਭਾਵ ਸੰਗਤੀ ਨੂੰ ਵਿਖਾਉਂਦਾ ਸਾਂਝਾ ਖਾਣਾ) ਮਿਲਾਉਂਦਾ ਹੈ। ਦੂਜੇ ਸ਼ਬਦਾਂ ਵਿਚ, ਉਹ ਮੰਨਦੇ ਹਨ ਕਿ ਰਸੂਲਾਂ ਦੇ ਕੰਮ 20:7 ਵਿਚ ‘‘ਰੋਟੀ ਤੋੜਨ ਲਈ’’ ਸ਼ਬਦ ਵਿਚ ਘੱਟੋ-ਘੱਟ ਪ੍ਰਭੂ ਭੋਜ ਤਾਂ *ਸ਼ਾਮਿਲ* ਹੈ ਹੀ। ਪਰ ਇਹ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ ਕਿ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਤ੍ਰੋਆਸ ਦੀ ਕਲੀਸੀਆ ਨੇ ਇਨ੍ਹਾਂ ਦੋਹਾਂ ‘‘ਭੋਜਾਂ’’ ਨੂੰ ਮਿਲਾਇਆ ਹੋਵੇ। ਜੇ ਉਨ੍ਹਾਂ ਨੇ ਮਿਲਾਇਆ ਹੁੰਦਾ ਤਾਂ ਬੇਸ਼ੱਕ ਪੌਲੁਸ ਉਨ੍ਹਾਂ ਨੂੰ ਅਜਿਹਾ

ਕਰਨ ਤੋਂ ਮਨ੍ਹਾ ਕਰਦਾ, ਜਿਵੇਂ ਉਹਨੇ ਕੁਰਿੰਥੁਸ ਵਿਚ ਕੀਤਾ ਸੀ (1 ਕੁਰਿੰਥੀਆਂ 11:17-22, 33, 34)। [19]ਆਰੰਭਿਕ ਮਸੀਹੀ ਪ੍ਰਭੂ-ਭੋਜ ਸਿਰਫ਼ ਹਫ਼ਤੇ ਦੇ ਪਹਿਲੇ ਦਿਨ ਹੀ ਲੈਂਦੇ ਸਨ, ਕਿਸੇ ਹੋਰ ਦਿਨ ਨਹੀਂ। [20]ਐਲਨ, 140, ਵੱਲੋਂ ਦੁਹਰਾਇਆ ਗਿਆ ਡਿਡੇਕ 14:1.

[21]ਐਲਨ: 141 ਵੱਲੋਂ ਦੁਹਰਾਇਆ ਗਿਆ *ਅਪੋਲੋਜੀ* 1, 67:7. [22]ਜੇ. ਡਬਲਯੂ. ਮੈਕਗਰਵੇ, *ਦ ਨਿਊ ਕਮੈਂਟਰੀ ਆਨ ਐਕਟਜ਼ ਆਫ਼ ਅਪੋਸਟਲਜ਼,* ਅੰਕ 2 (ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ), 179। [23]ਮੈਕੋਰਡ'ਜ਼ ਨਿਊ ਟੈਸਟਾਮੈਂਟ ਟ੍ਰਾਂਸਲੇਸ਼ਨ ਆਫ਼ ਦ ਐਵਰਲਾਸਟਿੰਗ ਗੌਸਪਲ। ਵਚਨ ਅਨੁਸਾਰ ਪ੍ਰਚਾਰ ਕਰਨ ਦਾ ਇੱਕੋ ਇਕ ਢੰਗ ਭਾਸ਼ਣ ਦੇਣਾ ਹੀ ਨਹੀਂ ਹੈ। [24]ਤ੍ਰੋਆਸ ਇਕ ਰੋਮੀ ਬਸਤੀ ਸੀ। [25]ਕੋਈ ਆਖੇਗਾ ਕਿ ਸਾਡੇ ਕੋਲ ਦੂਜੀ ਜਾਂ ਤੀਜੀ ਸਦੀ ਤਕ ਦੇ ''ਕਲੀਸੀਆ ਦੇ ਭਵਨ'' ਹੋਣ ਦਾ ਇਤਿਹਾਸ ਨਹੀਂ ਹੈ, ਇਸ ਲਈ ਕਲੀਸੀਆ ਕੋਲ ਇਮਾਰਤ ਹੋਣਾ ਵਚਨ ਅਨੁਸਾਰ ਨਹੀਂ ਹੈ। ਇਹ ਲੋਕ ਆਮ ਤੌਰ ਤੇ ਕਹਿੰਦੇ ਹਨ ਕਿ ਸਾਨੂੰ ਆਪਣੇ ਘਰਾਂ ਵਿਚ ਹੀ ਇਕੱਠੇ ਹੋਣਾ ਚਹੀਦਾ ਹੈ। ਪਰ ਰਸੂਲਾਂ ਦੇ ਕੰਮ ਵਿਚ ਆਪਣੇ ਅਧਿਐਨ ਵਿਚ ਅਸੀਂ ਵੇਖਿਆ ਹੈ ਕਿ ਆਰੰਭਿਕ ਮੰਡਲੀਆਂ ਵੱਖੋ-ਵੱਖ ਥਾਂਵਾਂ ਤੇ ਇਕੱਠੀਆਂ ਹੁੰਦੀਆਂ ਸਨ; ਘਰਾਂ ਵਿਚ ਇਕੱਠੇ ਹੋਣ ਦਾ ਕੋਈ ''ਖ਼ਾਸ ਢੰਗ'' ਨਹੀਂ ਮਿਲਦਾ। ਇਕੱਠਾ ਹੋਣ ਦੇ ਹੁਕਮ (ਉਦਾਹਰਣ ਲਈ ਇਬਰਾਨੀਆਂ 10:25) ਮਿਲਣ ਦੇ *ਥਾਂ* ਦੀ ਇਜਾਜ਼ਤ ਤਾਂ ਦਿੰਦਾ ਹੈ, ਪਰ ਖ਼ਾਸ ਤੌਰ ਤੇ ਥਾਂ ਨਹੀਂ ਦੱਸਦਾ। ਇਹ ਥਾਂ ਘਰ ਵਿਚ, ਕਿਰਾਏ ਦੇ ਮਕਾਨ ਵਿਚ, ਕਿਸੇ ਦਰੱਖਤ ਹੇਠਾਂ ਜਾਂ ਉਸ ਬਿਲਡਿੰਗ ਵਿਚ ਹੋ ਸਕਦਾ ਹੈ ਜੋ ਕਲੀਸੀਆ ਨੇ ਖ਼ਰੀਦੀ ਜਾਂ ਬਣਾਈ ਹੋਵੇ। ਖ਼ੁਦਾ ਵੱਲੋਂ ਦਿੱਤੀਆਂ ਚੁਣੌਤੀਆਂ ਨੂੰ ਪੂਰਾ ਕਰਨ ਲਈ ਇਕੱਠਾ ਕਰਨ ਦੇ ਜੁੜੇ ਫ਼ੈਸਲੇ ਹਰ ਮੰਡਲੀ ਦੇ ਆਪਣੇ ਹੋਣੇ ਚਾਹੀਦੇ ਹਨ। [26]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ ''ਕਲੀਸੀਆ ਜਿਹਦਾ ਮੈਂਬਰ ਬਣਨਾ ਮੈਂ ਪਸੰਦ ਕਰਾਂਗਾ'' ਪਾਠ ਵਿਚ ਰਸੂਲਾਂ ਦੇ ਕੰਮ 2:32, 46 ਤੇ ਨੋਟਸ ਵੇਖੋ। [27]ਐਫ਼. ਐਫ਼. ਬਰੂਸ, *ਦ ਬੁੱਕ ਆਫ਼ ਐਕਟਸ,* ਸੋਧਿਆ ਅੰਕ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988), 384. [28]ਇੱਥੇ ਕੋਈ ਸਥਾਨਕ ਸ਼ਬਦ ਵਰਤਿਆ ਜਾ ਸਕਦਾ ਹੈ ਜਿਸ ਦਾ ਅਰਥ ''ਦੋਸਤਾਨਾ ਗੱਲਬਾਤ'' ਹੋਵੇ। [29]ਕੁਰਿੰਥੁਸ ਦੀ ਕਲੀਸੀਆ ਨੇ ਪ੍ਰੀਤੀ ਭੋਜ ਨਾਲ ਪ੍ਰਭੂ ਭੋਜ ਨੂੰ ਮਿਲਾ ਕੇ ਇਸ ਨੂੰ ਦੂਸ਼ਿਤ ਕਰ ਦਿੱਤਾ ਸੀ ਅਤੇ ਇਸ ਨੂੰ ਮਤਵਾਲੇ ਲੋਕਾਂ ਦੇ ਝਗੜੇ ਵਿਚ ਬਦਲ ਦਿੱਤਾ ਸੀ (1 ਕੁਰਿੰਥੀਆਂ 11)। ਉਨ੍ਹਾਂ ਨੂੰ ਪੌਲੁਸ ਦੀਆਂ ਗੱਲਾਂ ਪ੍ਰੀਤੀ ਭੋਜ ਵਿਚ ਗੜਬੜੀ ਕਰਕੇ ਨਹੀਂ ਸਗੋਂ ਇਸ ਦੀ ਦੁਰਵਰਤੋਂ ਕਰਨ ਕਰਕੇ ਕਹੀਆਂ ਗਈਆਂ ਸਨ।

© 2009 Truth for Today